# Definitions

## ਅਲਾਪ

ਅਲਾਪ, ਰਾਗ ਵਿਸਤਾਰ ਕਰਨ ਦਾ ਇਕ ਸਾਧਨ ਹੈ। ਵਿਲੰਬਿਤ ਲੈਅ ਵਿੱਚ ਸੁਰਾਂ ਦੇ ਮਧੁਰ, ਆਕਰਸ਼ਕ ਅਤੇ ਭਾਵਪੂਰਣ ਸੁਰ ਵਿਸਤਾਰ ਨੂੰ ਅਲਾਪ ਕਿਹਾ ਜਾਂਦਾ ਹੈ। ਕਿਸੇ ਰਾਗ ਦੀ ਬੰਦਿਸ਼ ਜਾਂ ਗਤ ਸ਼ੁਰੂ ਕਰਨ ਤੋਂ ਪਹਿਲਾਂ, ਤਾਲ ਤੋਂ ਬਿਨਾਂ, ਰਾਗ ਦੇ ਵਾਦੀ, ਸੰਵਾਦੀ ਅਤੇ ਵਿਸ਼ੇਸ਼ ਸੁਰਾਂ ਦੁਆਰਾ ਰਾਗ ਦਾ ਸਰੂਪ ਸਪੱਸ਼ਟ ਕਰਨਾ 'ਅਲਾਪ' ਕਹਾਉਂਦਾ ਹੈ। ਇਸ ਲਈ ਅਲਾਪ ਨੂੰ ਰਾਗ ਦੀ 'ਭੂਮਿਕਾ' ਵੀ ਕਿਹਾ ਜਾਂਦਾ ਹੈ। ਅਲਾਪ ਨੂੰ ਗਮਕ, ਮੀੰਡ ਆਦਿ ਕ੍ਰਿਆਵਾਂ ਦੇ ਪ੍ਰਯੋਗ ਨਾਲ ਸਜਾਇਆ ਜਾਂਦਾ ਹੈ। ਰਾਗ ਦਾ ਇਹ ਭਾਗ ਭਾਵ ਪ੍ਰਧਾਨ ਹੁੰਦਾ ਹੈ। ਇਸ ਵਿੱਚ ਕਲਾਕਾਰ ਆਪਣੇ ਮਨ ਦੇ ਭਾਵਾਂ ਨੂੰ ਰਾਗ ਦੇ ਸੁਰਾਂ ਰਾਹੀਂ ਸ੍ਰੋਤਿਆਂ ਤੱਕ ਪਹੁੰਚਾਉਂਦਾ ਹੈ। ਇਸ ਲਈ ਅਲਾਪ ਨੂੰ ਰਾਗ ਦਾ 'ਜਿਸਦੇ ਪੱਖ' ਜਾਂ 'ਭਾਵ ਪੱਖ' ਵੀ ਕਿਹਾ ਜਾਂਦਾ ਹੈ।

## ਆਧੁਨਿਕ ਅਲਾਪ ਗਾਇਨ

ਪ੍ਰਾਚੀਨ ਕਾਲ ਵਿੱਚ ਅਲਾਪ ਕਰਨ ਦੇ ਕਈ ਢੰਗ ਪ੍ਰਚਲਿਤ ਸਨ ਜਿਵੇਂ: ਰਾਗਾਲਾਪ, ਰੂਪਕਾਲਾਪ, ਆਲਪਿਤ ਗਾਇਨ ਅਤੇ ਸੁਰ ਸਥਾਨ ਨਿਯਮ ਆਦਿ, ਪਰੰਤੂ ਆਧੁਨਿਕ ਸਮੇਂ ਵਿੱਚ ਇਹਨਾਂ ਦਾ ਪ੍ਰਚਾਰ ਨਹੀਂ ਹੈ। ਆਧੁਨਿਕ ਕਾਲ ਗਾਇਨ ਵਿੱਚ ਅਲਾਪ ਗਾਇਨ ਦੇ ਦੋ ਹੀ ਢੰਗ ਪ੍ਰਚਲਿਤ ਹਨ।

1. ਆਕਾਰ ਦੁਆਰਾ
2. ਨੋਮ ਤੋਮ ਦੁਆਰਾ

DATE: / 20
PAGE No

1. ਆਕਾਰ ਦੁਆਰਾ

ਆਕਾਰ ਦੁਆਰਾ ਅਲਾਪ ਕਰਨ ਲਈ ਆ ਡ ਡ ਡ ਆਦਿ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਅੱਜਕੱਲ੍ਹ ਖਿਆਲ ਗਾਇਨ ਵਿੱਚ ਆਕਾਰ ਦੁਆਰਾ ਅਲਾਪ ਕਰਨ ਦਾ ਢੰਗ ਹੀ ਵਧੇਰੇ ਪ੍ਰਚਲਿਤ ਹੈ। ਖਿਆਲ ਦੀ ਬੰਦਿਸ਼ ਆਰੰਭ ਕਰਨ ਤੋਂ ਪਹਿਲਾਂ; ਗਾਇਕ ਜਦੋਂ ਆ ਡ ਡ ਡ ਸ਼ਬਦਾਂ ਦੇ ਉਚਾਰਣ ਨਾਲ, ਰਾਗ ਦੇ ਸੁਰ ਲਗਾਉਂਦੇ ਹੋਏ, ਰਾਗ ਦਾ ਸਰੂਪ ਸਪੱਸ਼ਟ ਕਰਦੇ ਹਨ, ਤਾਂ ਉਸ ਢੰਗ ਨੂੰ 'ਆਕਾਰ ਦੁਆਰਾ ਅਲਾਪ' ਕਿਹਾ ਕੀਤੇ ਜਾ।

2. ਨੋਮ ਤੋਮ ਦੁਆਰਾ

ਨੋਮ ਤੋਮ ਦੁਆਰਾ ਅਲਾਪ ਕਰਨ ਲਈ ਆ ਡ ਡ ਡ ਆਦਿ ਸ਼ਬਦਾਂ ਦਾ ਪ੍ਰਯੋਗ ਨਾ ਕਰਕੇ ਤ, ਨਾ, ਰੀ, ਨੇ, ਨਾਰੇ, ਤਨਾਨਾ, ਨੇ, ਤੋਮ, ਦਿਨਾ ਆਦਿ ਨਿਰਅਰਥਕ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਧ੍ਰੁਪਦ ਗਾਇਨ ਵਿੱਚ ਅਲਾਪ ਨੋਮ ਤੋਮ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਆਗਰਾ ਘਰਾਣੇ ਦੇ ਉਸਤਾਦ ਫੈਯਾਜ਼ ਖਾਂ ਦਾ 'ਨੋਮ ਤੋਮ' ਅਲਾਪ ਉੱਤਮ ਸੀ। ਆਕਾਰ ਦੁਆਰਾ ਅਲਾਪ ਨਾਲੋਂ ਨੋਮ ਤੋਮ ਦਾ ਅਲਾਪ ਵਧੇਰੇ ਪ੍ਰਭਾਵਸ਼ਾਲੀ ਹੁੰਦਾ ਹੈ।

ਅਲਾਪ ਕਰਦੇ ਸਮੇਂ ਰਾਗ ਦੇ ਵਾਦੀ-ਸੰਵਾਦੀ, ਵਰਜਿਤ ਸੁਰ, ਵਿਸ਼ਰਾਂਤੀ ਸਥਾਨ, ਸਮਾਪਨ ਚਲਨ, ਸੁਰ

ਢੁਕਤਾ, ਵਿਸ਼ੇਸ਼ ਸ਼ਬਦ ਸੰਗਤੀਆਂ ਆਦਿ ਰਾਗ ਦੇ ਨਿਯਮਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਸੰਗੀਤ ਵਾਦਕ ਆਮ ਤੌਰ ਤੇ ਅਲਾਪ ਨੂੰ ਚਾਰ ਭਾਗਾਂ ਵਿੱਚ ਵੰਡ ਕੇ ਕਰਦੇ ਹਨ।-

1. ਸਥਾਈ
2. ਅੰਤਰਾ
3. ਸੰਚਾਰੀ
4. ਆਭੋਗ

## 1. ਸਥਾਈ

ਸਥਾਈ ਭਾਗ ਵਿੱਚ ਸਭ ਤੋਂ ਪਹਿਲਾ 'ਸ਼ੜਜ' ਤੋਂ ਅਲਾਪ ਆਰੰਭ ਕੀਤਾ ਜਾਂਦਾ ਹੈ। 'ਸ' ਸਵਰ ਨੂੰ ਚੰਗੀ ਤਰ੍ਹਾਂ ਦਿਖਾਉਂਦੇ ਹੋਏ, ਅਲਾਪ ਨੂੰ ਜ਼ਿਆਦਾਤਰ ਪੂਰਵਾਂਗ ਤੱਕ ਹੀ ਸੀਮਿਤ ਰੱਖਿਆ ਜਾਂਦਾ ਹੈ, 'ਸ' ਤੋਂ ਬਾਅਦ ਰਾਗ ਦੇ ਇੱਕ-ਇੱਕ ਸਵਰ ਨੂੰ ਅੱਗੇ ਵਧਾਉਂਦੇ ਹੋਏ, ਮੱਧ ਸਪਤਕ ਦੇ ਪੰਚਮ, ਧੈਵਤ ਅਤੇ ਨਿਸ਼ਾਦ ਤੱਕ ਜਾਇਆ ਜਾਂਦਾ ਹੈ। ਫਿਰ ਤਾਰ ਸਪਤਕ ਦੇ 'ਸ' ਦਾ ਸਪਰਸ਼ ਮਾਤਰ ਦੇ ਕੇ, ਮੱਧ ਸਪਤਕ ਦੇ ਸਵਰਾਂ ਨੂੰ ਵਾਪਸ ਦਿਖਾਉਂਦੇ ਹੋਏ, ਮੱਧ 'ਸ' ਤੇ ਆ ਕੇ ਸਥਾਈ ਦਾ ਅਲਾਪ ਸਮਾਪਤ ਕੀਤਾ ਜਾਂਦਾ ਹੈ। ਅਲਾਪ ਦੇ ਇਸ ਹਿੱਸੇ ਨੂੰ ਮੀਂਡ, ਜ਼ਮਜ਼ਮਾ, ਮੁਰਕੀ, ਖਟਕਾ ਆਦਿ ਕਿਰਿਆਵਾਂ ਨਾਲ ਸਜਾ ਕੇ, ਵਿਲੰਬਿਤ ਲਯ ਵਿੱਚ ਪੇਸ਼ ਕੀਤਾ ਜਾਂਦਾ ਹੈ। ਸਥਾਈ ਭਾਗ ਵਿੱਚ ਅਲਾਪ ਜ਼ਿਆਦਾਤਰ ਮੰਦਰ ਅਤੇ ਮੱਧ ਸਪਤਕ

ਵਿੱਚ ਹੀ ਪ੍ਰਸਿਧ ਹੈ।

2. ਅੰਤਰਾ

ਅੰਤਰਾ ਅਲਾਪ ਭਾਗ ਦਾ ਅਲਾਪ ਮੱਧ ਸਪਤਕ ਦੇ ਗੰਧਾਰ, ਮਧਿਅਮ ਜਾਂ ਪੰਚਮ ਤੋਂ ਆਰੰਭ ਹੁੰਦਾ ਹੈ, ਰਾਗ ਦੇ ਚਲਨ ਅਨੁਸਾਰ ਇੱਕ-ਇੱਕ ਸਵਰ ਨੂੰ ਅੱਗੇ ਵਧਾਉਂਦੇ ਹੋਏ; ਤਾਰ ਸਪਤਕ ਦੇ ਸੁਰਾਂ ਦੇ ਅੰਤਰਾ ਸੀਮਿਤ ਰੱਖਿਆ ਜਾਂਦਾ ਹੈ। ਤਾਰ ਸੁਰਾਂ ਦੇ ਪੜ੍ਹਤ ਦੇ ਅਨੇਕ ਪ੍ਰਕਾਰ ਦੇ ਰੂਪ ਦਿਖਾਏ ਜਾਂਦੇ ਹਨ। ਫਿਰ ਹੌਲੀ-ਹੌਲੀ ਵਾਪਸ ਆਉਂਦੇ ਹੋਏ, ਮੱਧ ਸੁਰਾਂ ਤੇ ਅਲਾਪ ਦਾ ਸਮ ਦਿਖਾਇਆ ਜਾਂਦਾ ਹੈ। ਮੀੜ, ਖਟਕਾ, ਮੁਰਕੀ ਆਦਿ ਕ੍ਰਿਆਵਾਂ ਦਾ ਰੂਪ ਇਸ ਭਾਗ ਵਿੱਚ ਖੂਬ ਦਿਖਾਇਆ ਜਾਂਦਾ ਹੈ।

3. ਸੰਚਾਰੀ

ਸੰਚਾਰੀ ਭਾਗ ਵਿਚ ਅਲਾਪ ਨੂੰ ਸ, ਮ ਜਾਂ ਪ ਤੋਂ ਸ਼ੁਰੂ ਕੀਤਾ ਜਾਂਦਾ ਹੈ ਅਤੇ ਮੱਧ ਸਪਤਕ ਤੱਕ ਹੀ ਸੀਮਿਤ ਰੱਖਿਆ ਜਾਂਦਾ ਹੈ। ਸੰਚਾਰੀ ਦਾ ਅਲਾਪ ਇੱਕ ਤਰ੍ਹਾਂ ਨਾਲ ਸਥਾਈ ਦਾ ਹੀ ਸੰਵਾਰਿਆ ਹੋਇਆ ਰੂਪ ਹੁੰਦਾ ਹੈ। ਇਸ ਵਿੱਚ ਗਮਕ ਆਦਿ ਦਾ ਵੱਧ ਤੋਂ ਵੱਧ ਪ੍ਰਯੋਗ ਕੀਤਾ ਜਾਂਦਾ ਹੈ। ਇਹ ਵੀ ਕਾਰਨ ਹੈ ਕਿ ਸੰਚਾਰੀ ਤੋਂ ਬਾਅਦ ਵਾਪਸ ਮੱਧ ਸ ਤੱਕ ਅਲਾਪ ਨਾ ਕਰਦੇ ਹੋਏ; ਸਿੱਧਾ ਆਭੋਗ ਆਰੰਭ ਕਰ ਦਿੱਤਾ ਜਾਂਦਾ ਹੈ।

4. ਆਭੋਗ

ਆਭੋਗ ਵਿਚ ਪਹੁੰਚ ਕੇ ਤਾਰ ਸਪਤਕ ਦੇ ਸੁਰਾਂ ਦਾ ਵੱਧ ਤੋਂ ਵੱਧ ਪ੍ਰਯੋਗ ਕੀਤਾ ਜਾਂਦਾ ਹੈ। ਗਾਇਕ ਅਤੇ ਵਾਦਕ ਆਪਣੀ ਸਮਰੱਥਾ ਅਨੁਸਾਰ ਤਾਰ ਸਪਤਕ ਵਿਚ ਜਿੰਨਾ ਉੱਚਾ ਜਾ ਸਕਦੇ ਹਨ, ਜਾਂਦੇ ਹਨ। ਅਲਾਪ ਦੇ ਇਸ ਭਾਗ ਵਿਚ, ਲਯ ਦ੍ਰੁਤ ਕਰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਦਾ ਅਲਾਪ ਇਸ ਭਾਗ ਵਿਚ ਦ੍ਰੁਤ ਹੋਣ ਕਾਰਨ, ਤਰਾਨੇ ਦਾ ਰੂਪ ਧਾਰਨ ਕਰ ਲੈਂਦਾ ਹੈ। ਵਾਦਨ ਵਿਚ ਇਹ ਭਾਗ ਚਿਕਾਰੀ ਦੇ ਪ੍ਰਯੋਗ ਕਾਰਨ, ਝਾਲੇ ਦਾ ਰੂਪ ਧਾਰਨ ਕਰ ਲੈਂਦਾ ਹੈ। ਅਲਾਪ ਦੇ ਅੰਤ ਵਿੱਚ ਮੁੜ ਮੱਧ ਸਪਤਕ ਦੇ ਸੁਰਾਂ ਨੂੰ ਦਿਖਾਇਆ ਜਾਂਦਾ ਹੈ। ਮੱਧ ਸਪਤਕ ਦੇ ਸ਼ੜਜ ਤੇ ਪਹੁੰਚ ਕੇ ਸਮ ਦਿਖਾਉਣ ਨਾਲ ਹੀ ਅਲਾਪ ਦੀ ਸਮਾਪਤੀ ਹੋ ਜਾਂਦੀ ਹੈ।

ਗਾਇਨ ਅਤੇ ਵਾਦਨ ਵਿਚ ਆਮਤੌਰ ਤੇ ਗੀਤ ਦੀ ਬੰਦਿਸ਼ ਜਾਂ ਗੱਤ ਆਰੰਭ ਕਰਨ ਤੋਂ ਪਹਿਲਾਂ, ਨੋਇਮ ਢੰਗ ਨਾਲ ਵਿਸਤ੍ਰਿਤ ਅਲਾਪ ਕੀਤਾ ਜਾਂਦਾ ਹੈ ਪਰੰਤੂ ਅੱਜਕੱਲ੍ਹ ਕੁਝ ਗਾਇਕ ਅਤੇ ਵਾਦਕ ਕਲਾਕਾਰ ਆਰੰਭ ਵਿਚ ਕੇਵਲ ਰਾਗ ਦਾ ਸਰੂਪ ਮਾਤਰ ਦਿਖਾ ਕੇ ਬੰਦਿਸ਼ ਆਰੰਭ ਕਰ ਦਿੰਦੇ ਹਨ ਅਤੇ ਫਿਰ ਰਾਗ ਦੀ ਬੰਦਿਸ਼ ਵਿਚ ਤਾਲ ਸਹਿਤ ਵਿਸਤ੍ਰਿਤ ਅਲਾਪ ਕਰਦੇ ਹਨ। ਅਲਾਪ ਕਰਨ ਦੇ ਇਹ ਦੋਵੇਂ ਢੰਗ ਅੱਜਕੱਲ੍ਹ ਪ੍ਰਚਲਿਤ ਹਨ।

# ਬੋਲ ਅਲਾਪ

ਗਾਇਨ ਵਿੱਚ ਬੰਦਿਸ਼ ਗਾਉਣ ਦੇ ਉਪਰੰਤ ਬੰਦਿਸ਼ ਦੇ ਬੋਲ ਨੂੰ ਲੈ ਕੇ ਅਲਾਪ ਕਰਦੇ ਹਨ, ਜਿਸਨੂੰ ਬੋਲ ਅਲਾਪ ਕਹਿੰਦੇ ਹਨ। ਬੋਲ-ਅਲਾਪ ਵਿੱਚ ਅਲਾਪ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਰਮਨ ਸਾਜ ਸੰਗੀਤ ਦੇ ਅਨੁਸਾਰ "ਬੋਲ ਅਲਾਪ" ਦੀ ਵਿਸ਼ੇਸ਼ਤਾ ਇਹ ਹੈ ਕਿ ਬੋਲ ਅਲਾਪ ਵਿੱਚ ਸ਼ਬਦਾਂ ਤੋਂ ਇਫਾਹਾ ਸ੍ਰਿੰਗ, ਵਿਅੰਜਨ, ਪ੍ਰੇਮ, ਅਜੋਸ਼ ਆਦਿ ਦੀਆਂ ਭਿੰਨ-ਭਿੰਨ ਕਿਰਿਆ ਨੂੰ ਲਾਭ ਮਿਲਦਾ ਹੈ। ਪਰ ਕਿਰਿਆਵਾਂ ਨੂੰ ਫਾਇਦਾ ਮਿਲਦਾ ਹੈ। ਬੋਲ ਅਲਾਪ ਵਿੱਚ ਗਿਆਨ ਦੇ ਸ਼ਬਦਾਂ ਦਾ ਅਰਥ ਪ੍ਰਗਟ ਹੋਵੇ ਇਹੋ ਜਿਹੀ ਰਚਨਾ ਸਦਅੱਖਯ ਕੀਤੀ ਜਾਂਦੀ ਹੈ। ਬੋਲ ਅਲਾਪ ਦੁੱਗਣ ਜਾਂ ਚੌਗੁਣ ਲੈਅ ਵਿੱਚ ਆਰੰਭ ਕੀਤੀ ਜਾਂਦੀ ਹੈ ਕਿ ਬਾਅਦ ਵਿੱਚ ਤਿੰਨ ਅੰਗ ਵਿੱਚ ਪਹਿਲੂ ਸਹਿਜ ਨਾਲ ਹੋ ਸਕੇ। ਬੋਲ ਅਲਾਪ ਗੀਤ ਦੇ ਸ਼ਬਦਾਂ ਨੂੰ ਲੈ ਕੇ ਹੀ ਬੋਲ ਅਲਾਪ ਕਰਦੇ ਹਨ ਤਾਂ ਕਿ ਸ੍ਰੋਤਿਆਂ ਨੂੰ ਸਪਸ਼ਟ ਹੋ ਜਾਵੇ ਜੇਕਰ ਰਾਗ ਦੀ